ਫ਼ਿਲੇਮੋਨ ਨੂੰ ਪੱਤ੍ਰੀ

1ਯਿਸੂ ਮਸੀਹ ਦੇ ਕੈਦੀ ਪੌਲੁਸ ਅਤੇ ਸਾਡੇ ਭਰਾ ਤਿਮੋਥਿਉਸ ਵੱਲੋਂ
ਸ਼ੁਭਕਾਮਨਾਵਾਂ।

ਸਾਡੇ ਪਿਆਰੇ ਮਿੱਤਰ ਅਤੇ ਸਹਿਕਰਮੀ ਫ਼ਿਲੇਮੋਨ ਨੂੰ। 2ਸਾਡੀ
ਭੈਣ ਅੱਫ਼ਿਆ ਨੂੰ ਵੀ ਅਤੇ ਸਾਡੇ ਸਹਿਕਰਮੀ ਆਰਖਿੱਪੁਸ ਨੂੰ ਅਤੇ
ਤੁਹਾਡੇ ਘਰ ਵਿੱਚ ਜੁੜਨ ਵਾਲੀ ਕਲੀਸਿਯਾ ਨੂੰ ਵੀ।

3ਸਾਡੇ ਪਰਮੇਸ਼ੁਰ ਪਿਤਾ ਅਤੇ ਪ੍ਰਭੂ ਯਿਸੂ ਮਸੀਹ ਦੀ ਤੁਹਾਡੇ
ਉੱਪਰ ਕਿਰਪਾ ਤੇ ਸ਼ਾਂਤੀ ਹੋਵੇ।

ਫ਼ਿਲੇਮੋਨ ਦਾ ਪ੍ਰੇਮ ਅਤੇ ਵਿਸ਼ਵਾਸ

4ਮੈਂ ਤੈਨੂੰ ਆਪਣੀਆਂ ਪ੍ਰਾਰਥਨਾ ਸਮੇਂ ਚੇਤੇ ਕਰਦਾ ਹਾਂ ਅਤੇ ਮੈਂ ਤੇਰੇ
ਲਈ ਪਰਮੇਸ਼ੁਰ ਦਾ ਸਦਾ ਧੰਨਵਾਦ ਕਰਦਾ ਹਾਂ। 5ਮੈਂ ਤੇਰੇ ਪਰਮੇਸ਼ੁਰ
ਦੇ ਸਮੂਹ ਪਵਿੱਤਰ ਲੋਕਾਂ ਲਈ ਪ੍ਰੇਮ ਬਾਰੇ ਅਤੇ ਤੇਰੇ ਪ੍ਰਭੂ ਯਿਸੂ ਵਿੱਚ
ਨਿਹਚਾ ਬਾਰੇ ਸੁਣ ਰਿਹਾ ਹਾਂ, ਅਤੇ ਮੈਂ ਇਸ ਪ੍ਰੇਮ ਅਤੇ ਵਿਸ਼ਵਾਸ
ਲਈ ਪਰਮੇਸ਼ੁਰ ਦਾ ਧੰਨਵਾਦ ਕਰਦਾ ਹਾਂ। 6ਮੈਂ ਪ੍ਰਾਰਥਨਾ ਕਰਦਾ
ਹਾਂ ਕਿ ਜਿਹੜਾ ਵਿਸ਼ਵਾਸ ਤੂੰ ਸਾਂਝਾ ਕਰ ਰਿਹਾ ਹੈਂ ਉਹ ਤੈਨੂੰ ਉਨ੍ਹਾਂ
ਸਾਰੀਆਂ ਚੰਗੀਆਂ ਗੱਲਾਂ ਬਾਰੇ ਸਮਝਣ ਦੇ ਯੋਗ ਬਣਾਵੇ ਜੋ ਅਸੀਂ
ਮਸੀਹ ਵਿੱਚ ਰੱਖਦੇ ਹਾਂ। 7ਮੇਰੇ ਭਰਾ, ਤੂੰ ਆਪਣਾ ਪਿਆਰ ਦਰਸਾ
ਕੇ ਪਰਮੇਸ਼ੁਰ ਦੇ ਲੋਕਾਂ ਦੇ ਦਿਲਾਂ ਨੂੰ ਅਨੰਦਿਤ ਕਰ ਦਿੱਤਾ ਹੈ। ਇਸ
ਨੇ ਮੈਨੂੰ ਬੜਾ ਅਨੰਦ ਅਤੇ ਦਿਲਾਸਾ ਦਿੱਤਾ ਹੈ।

ਓਨਿਸਿਮੁਸ ਨੂੰ ਭਰਾ ਸਮਝ

8ਇੱਕ ਗੱਲ ਅਜਿਹੀ ਹੈ ਜਿਹੜੀ ਤੈਨੂੰ ਕਰਨੀ ਚਾਹੀਦੀ ਹੈ, ਅਤੇ
ਮਸੀਹ ਵਿੱਚ ਮੈਂ ਨਿਡਰ ਹੋ ਕੇ ਤੈਨੂੰ ਉਹ ਕਰਨ ਦਾ ਆਦੇਸ਼ ਦੇ ਸਕਦਾ
ਹਾਂ। 9ਪਰ ਮੈਂ ਤੈਨੂੰ ਆਦੇਸ਼ ਨਹੀਂ ਦੇ ਰਿਹਾ, ਮੈਂ ਤੈਨੂੰ ਇਹ ਕਰਨ ਦੀ
ਬੇਨਤੀ ਪਿਆਰ ਦੇ ਕਾਰਣ ਕਰ ਰਿਹਾ ਹਾਂ। ਮੈਂ ਪੌਲੁਸ ਹਾਂ। ਮੈਂ ਹੁਣ
ਬੁੱਢਾ ਹੋ ਗਿਆ ਹਾਂ, ਅਤੇ ਮੈਂ ਮਸੀਹ ਯਿਸੂ ਦਾ ਕੈਦੀ ਹਾਂ। 10ਮੈਂ ਤੈਨੂੰ
ਇਹ ਆਪਣੇ ਪੁੱਤਰ ਓਨੇਸਿਮੁਸ ਲਈ ਪੁੱਛ ਰਿਹਾ ਹਾਂ। ਜਦੋਂ ਮੈਂ ਕੈਦ
ਵਿੱਚ ਸਾਂ ਤਾਂ ਉਹ ਮੇਰਾ ਪੁੱਤਰ ਬਣ ਗਿਆ ਸੀ। 11ਅਤੀਤ ਵਿੱਚ,
ਉਹ ਤੇਰੇ ਲਈ ਬੇਕਾਰ ਸੀ। ਪਰ ਹੁਣ ਉਹ ਮੇਰੇ ਅਤੇ ਤੇਰੇ, ਦੋਹਾਂ
ਲਈ ਉਪਯੋਗੀ ਬਣ ਗਿਆ ਹੈ।

12ਮੈਂ ਉਸ ਨੂੰ ਤੇਰੇ ਕੋਲ ਭੇਜ ਰਿਹਾ ਹਾਂ। ਉਸ ਦੇ ਨਾਲ ਮੈਂ ਅਪਣਾ
ਦਿਲ ਭੇਜ ਰਿਹਾ ਹਾਂ। 13ਮੈਂ ਉਸ ਨੂੰ ਓਨਾ ਚਿਰ ਸਹਾਇਤਾ ਲਈ
ਆਪਣੇ ਨਾਲ ਰੱਖਣਾ ਚਾਹੁੰਦਾ ਹਾਂ ਜਿੰਨਾ ਚਿਰ ਤੱਕ ਮੈਂ ਖੁਸ਼ਖਬਰੀ
ਲਈ ਕੈਦ ਵਿੱਚ ਹਾਂ। ਉਹ ਤੇਰੀ ਜਗ੍ਹਾ ਮੇਰੀ ਸੇਵਾ ਕਰ ਰਿਹਾ
ਹੋਵੇਗਾ। 14ਪਰ ਤੈਨੂੰ ਪਹਿਲਾਂ ਪੁੱਛੇ ਬਗੈਰ ਮੈਂ ਕੋਈ ਵੀ ਗੱਲ ਨਹੀਂ
ਸੀ ਕਰਨਾ ਚਾਹੁੰਦਾ, ਤਦ ਫ਼ੇਰ ਜਿਹੜੀ ਵੀ ਭਲਾਈ ਤੂੰ ਮੇਰੇ ਲਈ
ਕਰੇਂਗਾ ਉਹ ਇਸ ਲਈ ਹੋਵੇਗੀ ਕਿ ਤੂੰ ਅਜਿਹਾ ਚਾਹੁੰਦਾ ਸੀ, ਨਾ
ਕਿ ਇਸ ਲਈ ਕਿ ਮੈਂ ਤੈਨੂੰ ਇਸ ਤਰ੍ਹਾਂ ਕਰਨ ਲਈ ਮਜ਼ਬੂਰ ਕੀਤਾ।

15ਥੋੜ੍ਹੇ ਪਲਾਂ ਲਈ ਓਨੇਸਿਮੁਸ ਤੇਰੇ ਕੋਲੋਂ ਵੱਖ ਹੋ ਗਿਆ ਸੀ।
ਹੋ ਸਕਦਾ ਹੈ ਕਿ ਅਜਿਹਾ ਇਸ ਲਈ ਵਾਪਰਿਆ ਤਾਂ ਜੋ ਉਹ ਚੰਗੇ
ਲਈ ਤੇਰੇ ਕੋਲ ਵਾਪਸ ਆ ਸਕੇ, 16ਅੱਗੇ ਤੋਂ ਇੱਕ ਦਾਸ ਹੋ ਕੇ ਨਹੀਂ
ਪਰ ਇੱਕ ਪਿਆਰੇ ਭਰਾ ਵਾਂਗ ਜੋ ਕਿ ਇੱਕ ਦਾਸ ਨਾਲੋਂ ਕਿਧਰੇ ਵਧ
ਹੈ। ਮੈਂ ਉਸ ਨੂੰ ਬਹੁਤ ਪਿਆਰ ਕਰਦਾ ਹਾਂ, ਪਰ ਤੂੰ ਉਸ ਨੂੰ ਉਸ ਤੋਂ
ਵੀ ਵਧੇਰੇ ਪਿਆਰ ਕਰੇਂਗਾ। ਤੂੰ ਉਸ ਨੂੰ ਇੱਕ ਵਿਅਕਤੀ ਵਾਂਗ ਅਤੇ
ਪ੍ਰਭੂ ਵਿੱਚ ਭਰਾ ਹੋਣ ਕਰਕੇ, ਦੋਵੇਂ ਤਰ੍ਹਾਂ ਪਿਆਰ ਕਰੀਂ।

17ਜੇ ਤੂੰ ਮੈਨੂੰ ਆਪਣਾ ਮਿੱਤਰ ਸਮਝਦਾ ਹੈਂ ਤਾਂ ਓਨੇਸਿਮੁਸ ਨੂੰ
ਦੁਬਾਰਾ ਅਪਨਾ ਲਵੀਂ। ਉਸ ਦਾ ਸਵਾਗਤ ਓਸੇ ਤਰ੍ਹਾਂ ਕਰੀਂ ਜਿਸ
ਤਰ੍ਹਾਂ ਤੁਸਾਂ ਮੇਰਾ ਸਵਾਗਤ ਕਰਨਾ ਸੀ। 18ਜੋ ਓਨੇਸਿਮੁਸ ਨੇ ਤੇਰੇ
ਨਾਲ ਬੁਰਾ ਕੀਤਾ ਹੈ ਜਾਂ ਉਸ ਨੇ ਤੇਰਾ ਕੁਝ ਦੇਣਾ ਹੈ, ਤਾਂ ਇਸ ਬਾਰੇ
ਮੈਨੂੰ ਜਿੰਮੇਵਾਰ ਸਮਝੀਂ। 19ਮੈਂ ਪੌਲੁਸ ਹਾਂ, ਅਤੇ ਮੈਂ ਇਹ ਆਪਣੇ
ਹੱਥੀ ਲਿਖ ਰਿਹਾ ਹਾਂ। ਜੇ ਓਨੇਸਿਮੁਸ ਨੇ ਤੇਰਾ ਕੁਝ ਦੇਣਾ ਹੈ, ਤਾਂ
ਮੈਂ ਅਦਾ ਕਰਾਂਗਾ ਅਤੇ ਮੈਂ ਉਸ ਬਾਰੇ ਕੁਝ ਨਹੀਂ ਆਖਾਂਗਾ ਭਈ
ਮੇਰਾ ਕਰਜ਼ ਜੋ ਤੂੰ ਦੇਣਾ ਹੈ ਸੋ ਤੂੰ ਆਪ ਹੀ ਹੈਂ। 20ਇਸ ਲਈ ਮੇਰੇ
ਭਰਾ, ਮੈਂ ਤੈਨੂੰ ਪ੍ਰਭੂ ਵਿੱਚ ਆਪਣੇ ਲਈ ਕੁਝ ਕਰਨ ਲਈ ਕਹਿੰਦਾ
ਹਾਂ। 21ਇਹ ਚਿੱਠੀ ਮੈਂ ਇਹ ਜਾਣਦਾ ਹੋਇਆ ਲਿਖ ਰਿਹਾ ਹਾਂ ਕਿ
ਤੂੰ ਉਹ ਕਰੇਂਗਾ ਜੋ ਮੈਂ ਮੰਗਾਂਗਾ। ਮੈਂ ਜਾਣਦਾ ਹਾਂ ਕਿ ਤੂੰ ਮੇਰੀ ਮੰਗ
ਨਾਲੋਂ ਵੀ ਵਧ ਕਰੇਂਗਾ।

22ਇਸ ਤੋਂ ਇਲਾਵਾ ਮੇਰੇ ਠਹਿਰਨ ਲਈ ਇੱਕ ਕਮਰਾ ਵੀ
ਤਿਆਰ ਰੱਖਣਾ। ਮੈਨੂੰ ਉਮੀਦ ਹੈ ਕਿ ਪਰਮੇਸ਼ੁਰ ਤੁਹਾਡੀਆਂ
ਪ੍ਰਾਰਥਨਾਂ ਮੰਨ ਲਵੇਗਾ ਅਤੇ ਮੈਂ ਤੁਹਾਡੇ ਕੋਲ ਆ ਸਕਾਂਗਾ।

ਆਖਰੀ ਸ਼ੁਭਕਾਮਨਾਵਾਂ

23ਇਪਫ਼ਰਾਸ ਵੀ ਮੇਰੇ ਨਾਲ ਮਸੀਹ ਯਿਸੂ ਵਿੱਚ ਕੈਦੀ ਹੈ।
ਉਹ ਤੈਨੂੰ ਆਪਣੀਆਂ ਸ਼ੁਭਕਾਮਨਾਵਾਂ ਭੇਜਦਾ ਹੈ। 24ਮਰਕੁਸ,
ਅਰਿਸਤਰੱਖੁਸ, ਦੇਮਾਸ ਅਤੇ ਲੂਕਾ ਵੀ ਤੈਨੂੰ ਸ਼ੁਭਕਾਮਨਾਵਾਂ ਭੇਜਦੇ
ਹਨ। ਉਹ ਮੇਰੇ ਨਾਲ ਕੰਮ ਕਰਦੇ ਹਨ।

25ਸਾਡੇ ਪ੍ਰਭੂ ਯਿਸੂ ਮਸੀਹ ਦੀ ਕਿਰਪਾ ਤੁਹਾਡੇ ਆਤਮਾ ਦੇ ਅੰਗ
ਸੰਗ ਹੋਵੇ।

ਨੋਟਸ